ਪੰਜਾਬੀ ਯੂਨੀਵਰਸਿਟੀ,ਪਟਿਆਲਾ
(1961 ਦੇ ਪੰਜਾਬ ਐਕਟ ਨੰਬਰ 35 ਤਹਿਤ ਸਥਾਪਿਤ)
(ਕਾਲਜ ਸੈਕਸ਼ਨ)

ਨੰ............ਸ.1
ਮਿਤੀ............

ਈ-ਮੇਲ

1. ਯੂਨੀਵਰਸਿਟੀ ਨਾਲ ਸਬੰਧਤ ਸਮੂਹ ਕਾਲਜਾਂ ਦੇ ਪ੍ਰਿੰਸੀਪਲ।
2. ਡਾਇਰੈਕਟਰ,ਕਾਂਸਟੀਚਿਊਐਂਟ ਕਾਲਜਿਜ।

ਵਿਸ਼ਾ:- ਸੈਸ਼ਨ 2016-17 ਸਰਕਾਰੀ ਨੌਕਰੀ ਮਿਲਣ ਕਾਰਨ ਆਖਰੀ ਸਮੈਸਟਰ ਦੀ ਪ੍ਰੀਖਿਆ ਦੇਣ ਸਬੰਧੀ।

ਸ੍ਰੀਮਾਨ/ਸ੍ਰੀਮਤੀ ਜੀ,

ਉਪਰੋਕਤ ਵਿਸ਼ੇ ਤੇ ਅਕਾਦਮਿਕ ਕੌਂਸਲ ਦੀ ਪ੍ਰਵਾਨਗੀ ਦੀ ਆਸ ਵਿੱਚ ਵਾਈਸ ਚਾਂਸਲਰ ਸਾਹਿਬ ਵਲੋਂ ਸੈਸ਼ਨ 2016-17 ਦੌਰਾਨ ਉਨ੍ਹਾਂ ਵਿਦਿਆਰਥੀਆਂ ਨੂੰ ਆਖਰੀ ਸਮੈਸਟਰ ਅਤੇ ਸਲਾਨਾ ਪ੍ਰਣਾਲੀ ਅਧੀਨ ਆਖਰੀ ਸਾਲ ਦੀ ਪ੍ਰੀਖਿਆ ਹੇਠ ਲਿਖੀਆ ਸ਼ਰਤਾ ਅਤੇ 10,000/-ਰੁ: ਵਿਸ਼ੇਸ ਮੌਕਾ ਫੀਸ ਨਾਲ ਦਿੱਤੇ ਜਾਣ ਦੇ ਆਦੇਸ਼ ਕੀਤੇ ਹਨ। ਸ਼ਰਤਾ ਪ੍ਰਵਾਨ ਹੋਣ ਦੀ ਸੂਰਤ ਵਿੱਚ ਫੀਸ ਅਤੇ ਵਿਦਿਆਰਥੀ ਦੇ ਨਿਯੁਕਤੀ ਪੱਤਰ ਦੀ ਕਾਪੀ ਪ੍ਰਾਪਤ ਹੋਣ ਉਪਰੰਤ ਹੀ ਅਗਲੇਰੀ ਕਾਰਵਾਈ ਕਰਨੀ ਸੰਭਵ ਹੋਵੇਗੀ।

1. ਸਲਾਨਾ ਪ੍ਰਣਾਲੀ ਦੇ ਆਖਰੀ ਸਾਲ ਅਤੇ ਸਮੈਸਟਰ ਪ੍ਰਣਾਲੀ ਦੇ ਆਖਰੀ ਸਮੈਸਟਰ ਵਿੱਚ ਜਿਨ੍ਹਾਂ ਵਿਦਿਆਰਥੀਆਂ ਦੀ ਸੈਸ਼ਨ 2016-17 ਦੌਰਾਨ ਸਰਕਾਰੀ ਨੌਕਰੀਆਂ ਲੱਗ ਗਈਆਂ ਹਨ, ਨੂੰ ਸੈਸ਼ਨ 2016-17 ਦੌਰਾਨ ਪ੍ਰੀਖਿਆ ਵਿੱਚ ਰੈਗੂਲਰ ਤੌਰ ਤੇ ਅਪੀਅਰ ਹੋਣ ਲਈ ਲੈਕਚਰਾਂ ਵਿੱਚ ਛੋਟ ਦਿੱਤੀ ਜਾਵੇਗੀ।
2. ਅਜਿਹੇ ਵਿਦਿਆਰਥੀਆਂ ਤੋਂ ਵਿਸ਼ੇਸ ਕੇਸ ਵਜੋਂ ਪ੍ਰੀਖਿਆ ਵਿੱਚ ਅਪੀਅਰ ਹੋਣ ਲਈ 10,000/-ਰੁ:ਫੀਸ ਵਸੂਲ ਕੀਤੀ ਜਾਵੇਗੀ।
3. ਅਜਿਹੇ ਵਿਦਿਆਰਥੀਆਂ ਨੂੰ ਸਮੈਸਟਰ ਪ੍ਰਣਾਲੀ ਅਧੀਨ ਆਖਰੀ ਸਮੈਸਟਰ ਅਤੇ ਸਲਾਨਾ ਪ੍ਰਣਾਲੀ ਅਧੀਨ ਆਖਰੀ ਸਾਲ ਦੀ ਪ੍ਰੀਖਿਆ ਦੇਣ ਲਈ ਨਿਯੁਕਤੀ ਪੱਤਰ ਵਿੱਚ ਦਰਜ ਸ਼ਰਤਾ ਅਨੁਸਾਰ ਸਬੰਧਤ ਵਿਭਾਗ ਤੋਂ ਪੂਰਵ ਪ੍ਰਵਾਨਗੀ ਲੈਣੀ ਹੋਵੇਗੀ।
4. ਜਿਹੜੇ ਕੋਰਸਾਂ ਦੇ ਪ੍ਰੈਕਟੀਕਲ ਹੁੰਦੇ ਹਨ, ਉਨ੍ਹਾਂ ਕੋਰਸਾਂ ਦੇ ਵਿਦਿਆਰਥੀ ਕਾਲਜ ਦੇ ਪ੍ਰਿੰਸੀਪਲ ਸਾਹਿਬਾਨ ਨਾਲ ਸੰਪਰਕ ਕਰਕੇ ਵਾਧੂ ਸਮੇਂ ਜਾਂ ਛੁੱਟੀ ਵਾਲੇ ਦਿਨ ਪ੍ਰੈਕਟੀਕਲ ਲਗਾਉਣਗੇ। ਇਸ ਤੋਂ ਇਲਾਵਾ ਜਿਨ੍ਹਾਂ ਕੋਰਸਾਂ ਵਿੱਚ ਇੰਟਰਨਲ ਅਸੈਸਮੈਂਟ ਦੀ ਵਿਵਸਥਾ ਹੈ, ਉਨ੍ਹਾਂ ਦੀ ਇੰਟਰਨਲ ਅਸੈਸਮੈਂਟ ਭੇਜਣ ਦੀ ਜ਼ਿੰਮੇਵਾਰੀ ਵੀ ਸਬੰਧਤ ਕਾਲਜ ਦੇ ਪ੍ਰਿੰਸੀਪਲ ਸਾਹਿਬਾਨ ਦੀ ਹੋਵੇਗੀ।

ਮੁੜ ਸਪੱਸ਼ਟ ਕੀਤਾ ਜਾਂਦਾ ਹੈ ਕਿ ਇਹ ਸੁਵਿਧਾ ਸਮੈਸਟਰ ਪ੍ਰਣਾਲੀ ਕੇਵਲ ਆਖਰੀ ਸਮੈਸਟਰ ਅਤੇ ਸਲਾਨਾ ਪ੍ਰਣਾਲੀ ਅਧੀਨ ਆਉਂਦੇ ਕੋਰਸਾਂ ਦੇ ਕੇਵਲ ਆਖਰੀ ਸਾਲ ਲਈ ਹੀ ਕੀਤੀ ਗਈ ਹੈ। ਕਾਲਜਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਇੱਕ ਤੋਂ ਵੱਧ ਸਮੈਸਟਰ ਅਤੇ ਸਾਲ ਵਾਲੇ ਵਿਦਿਆਰਥੀਆਂ ਦੇ ਕੇਸ ਦਫ਼ਤਰ ਨੂੰ ਪ੍ਰਵਾਨਗੀ ਲਈ ਨਾ ਭੇਜੇ ਜਾਣ ਇਨ੍ਹਾਂ ਵਿਦਿਆਰਥੀਆਂ ਨੂੰ ਇਹ ਪ੍ਰਵਾਨਗੀ ਨਹੀਂ ਦਿੱਤੀ ਜਾਵੇਗੀ।

ਵਿਸ਼ਵਾਸਪਾਤਰ।
ਸਹਾਇਕ ਰਜਿਸਟਰਾਰ (ਕਾਲਜਾਂ)

ਪਿੱਠ ਅੰਕਣ ਨੰ:.1195-96

ਮਿਤੀ.23/02/17

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਅਗਲੇਰੀ ਕਾਰਵਾਈ/ਜਾਣਕਾਰੀ ਹਿੱਤ ਭੇਜਿਅ ਜਾਂਦਾ ਹੈ।

1. ਕੰਟਰੋਲਰ(ਪ੍ਰੀਖਿਆਵਾਂ)
2. ਡਾਇਰੈਕਟਰ,ਕੰਪਿਊਟਰ ਸੈਂਟਰ(ਯੂਨੀਵਰਸਿਟੀ ਸਾਈਟ ਤੇ ਅਪਲੋਡ ਕਰਨ ਸਬੰਧੀ)

ਸਹਾਇਕ ਰਜਿਸਟਰਾਰ (ਕਾਲਜਾਂ)